ਪੰਜਾਬ ਸਰਕਾਰ
ਮਾਲ ਪੁਨਰਵਾਸ ਅਤੇ ਆਫਤ ਪ੍ਰਬੰਧਨ ਵਿਭਾਗ
(ਮਾਲ ਅਮਲਾ-1 ਸ਼ਾਖਾ)

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਮੰਡਲ ਕਮਿਸ਼ਨਰ।
2. ਪੰਜਾਬ ਰਾਜ ਦੇ ਸਮੂਹ ਡਿਪਟੀ ਕਮਿਸ਼ਨਰ।

ਮੀਮੋ ਨੰ. 1/16/23/ਮ.ਅ-1(1)/
ਚੰਡੀਗੜ੍ਹ ਮਿਤੀ

ਵਿਸ਼ਾ:- ਰਜਿਸਟਰ ਬੀ-2 ਵਿੱਚ ਤਹਿਸੀਲਦਾਰਾਂ ਉਮੀਦਵਾਰਾਂ ਦੀ ਨਿਯੁਕਤੀ ਕਰਨ ਸਬੰਧੀ।

ਪੰਜਾਬ ਤਹਿਸੀਲਦਾਰ (ਗਰੁੱਪ ਬੀ) ਸੇਵਾ ਨਿਯਮ 2019 ਦੇ ਨਿਯਮ 6 ਦੇ ਅਪੈਂਡਿਕਸ-ਬੀ ਅਨੁਸਾਰ ਤਹਿਸੀਲਦਾਰਾਂ ਦੀਆਂ 9 ਅਸਾਮੀਆਂ, ਹੇਠ ਲਿਖਿਆਂ ਸ੍ਰੇਣੀਆਂ ਵਿੱਚੋਂ ਭਰਨ ਦੀ ਤਜਵੀਜ ਹੈ:-

ੳ) ਸੁਪਰਡੰਟ ਗਰੇਡ-2 (ਮਾਲ ਤੇ ਨਿਆਂ), ਮੰਡਲ ਕਮਿਸ਼ਨਾਂ ਦੇ ਦਫਤਰ ਵਿੱਚ।

ਅ) ਸੁਪਰਡੰਟ ਗਰਡੇ-2 (ਮਾਲ ਤੇ ਰਿਕਾਰਡ), ਡਿਪਟੀ ਕਮਿਸ਼ਨਰ ਦਫਤਰਾਂ ਵਿੱਚ।

ੲ) ਸੀਨੀਅਰ ਸਹਾਇਕ (ਜੁਡੀਸ਼ੀਅਲ), ਵਿੱਤੀ ਕਮਿਸ਼ਨਰਜ਼ ਸਕੱਤਰੇਤ, ਪੰਜਾਬ।

2. ਪੰਜਾਬ ਤਹਿਸੀਲਦਾਰ (ਗਰੁੱਪ ਬੀ) ਸੇਵਾ ਨਿਯਮ 2019 ਦੇ ਨਿਯਮ 6 ਦੇ ਅਪੈਂਡਿਕਸ ਬੀ ਦਾ ਉਪਰੇਵਿਟ ਭਾਗ ਹੇਠ ਅਨੁਸਾਰ ਹੈ:-

(a) XXX XXX XXX

(b) Twenty percent from amongst the persons working on the following posts in the Department of Revenue and Rehabilitation whose names are borne on Register B-II-

(i) Superintendents Grade-II (Revenue and Judicial), Commissioners' offices, having an experience of working for a minimum period of four years;

(ii) Superintendents Grade-II (Revenue and Record) Deputy Commissioners offices, having an experience of working for a minimum period of four years; and

(iii) Senior Assistant (Judicial) of the Financial Commissioner's Secretariat having a total experience of six years as Senior Assistant/Senior Assistant (Judicial); out of which should have worked for a minimum period of two years as Senior Assistant (Judicial).

3. ਉਪਰੋਕਤ ਨਿਯਮਾਂ ਅਨੁਸਾਰ ਜੋ ਉਮੀਦਵਾਰ ਯੋਗਤਾ/ਤਜਰਬਾ ਪੂਰਾ ਕਰਦੇ ਹੋਣ ਉਨ੍ਹਾਂ ਦੇ ਨਾਮ ਦੀ ਸਿਫਾਰਸ਼ ਕਰਕੇ ਭੇਜੀ ਜਾਵੇ।

4. ਢੁੱਕਵੀਂ ਸਿਫਾਰਸ਼ ਨਿਰਧਾਰਤ ਪ੍ਰੋਫਾਰਮੇ ਵਿੱਚ ਪੂਰੇ ਰਿਕਾਰਡ, ਸ਼ੋਹਰਤ ਸਬੰਧੀ ਸਰਟੀਫਿਕੇਟ, ਮੁਕੰਮਲ ਸੇਵਾ ਪੱਤਰੀ ਅਤੇ ਪਿਛਲੇ ਪੰਜ ਸਾਲਾਂ ਦੀਆਂ ਸਾਲਾਨਾ ਗੁਪਤ ਰਿਪੋਰਟਾਂ ਦੀ ਮਿਸਲ (ਤਸਦੀਕਸ਼ੁਦਾ ਸਾਰ ਸਹਿਤ) ਮਿਤੀ 30.09.2023 ਤੱਕ ਮਾਲ ਅਮਲਾ-1 ਸ਼ਾਖਾ ਨੂੰ ਭੇਜੀ ਜਾਵੇ। ਉਮੀਦਵਾਰ ਬਾਰੇ ਅਨੁਸ਼ਾਸਨੀ ਕਾਰਵਾਈ ਦੇ ਕੇਸ/ਪੁਲਿਸ/ਚੌਕਸੀ/ਅਦਾਲਤੀ ਕੇਸ ਜਾਂ ਪੜਤਾਲਾਂ, ਜੋ ਲੰਬਿਤ ਹੋਣ ਜਾਂ ਕੋਈ ਪ੍ਰਭਾਵਿਤ ਸਜਾ ਹੋਵੇ ਬਾਰੇ ਪੂਰੇ ਵੇਰਵੇ ਭੇਜੇ ਜਾਣ।

5. ਜੇਕਰ ਆਪ ਦੇ ਮੰਡਲ/ਜਿਲ੍ਹਾ/ਦਫਤਰ ਵਿੱਚ ਤਹਿਸੀਲਦਾਰ ਦੀ ਅਸਾਮੀ ਲਈ ਯੋਗ ਉਮੀਦਵਾਰ ਹੋਵੇ ਪਰ ਆਪ ਵਲੋਂ ਉਸਦੇ ਨਾਮ ਦੀ ਸਿਫਾਰਸ਼ ਨਹੀਂ ਕੀਤੀ ਜਾ ਰਹੀ ਹੈ ਤਾਂ ਉਸਦੇ ਕਾਰਨ ਵੀ ਸਪੱਸ਼ਟ ਕੀਤੇ ਜਾਣ।

ਸੁਪਰਡੰਟ ਗਰੇਡ-1

ਉਤਾਰਾ ਅਧੀਨ ਸਕੱਤਰ ਮਾਲ (ਪ੍ਰਸ਼ਾਸਨ), ਵਿੱਤੀ ਕਮਿਸ਼ਨਰਜ਼ ਸਕੱਤਰੇਤ, ਪੰਜਾਬ ਨੂੰ ਭੇਜਕੇ ਬੇਨਤੀ ਕੀਤੀ ਜਾਂਦੀ ਹੈ ਕਿ ਵਿੱਤੀ ਕਮਿਸ਼ਨਰ ਸਕੱਤਰੇਤ ਵਿੱਚ ਕੰਮ ਕਰ ਰਹੇ ਸੀਨੀਅਰ ਸਹਾਇਕ/ਸੀਨੀਅਰ ਸਹਾਇਕ (ਜੁਡੀਸ਼ੀਅਲ) ਵਿੱਚੋਂ

ਉਪਰਕੋਤ ਦਰਸਾਏ ਨਿਯਮਾਂ ਅਨੁਸਾਰ ਯੋਗ ਉਮੀਦਵਾਰਾਂ ਦਾ ਨਾਮ ਪ੍ਰੋਫਾਰਮੇ ਵਿੱਚ ਸਬੰਧਤ ਰਿਕਾਰਡ ਸਹਿਤ ਮਿਤੀ 30.09.2023 ਤੱਕ ਭੇਜਣ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ ਗਰੇਡ-1

ਸੇਵਾ ਵਿਖੇ

ਅਧੀਨ ਸਕੱਤਰ ਮਾਲ (ਪ੍ਰਸ਼ਾਸਨ)
ਵਿੱਤੀ ਕਮਿਸ਼ਨਰਜ਼, ਸਕੱਤਰੇਤ, ਪੰਜਾਬ।

ਅੰ.ਵਿ.ਪੱ ਨੰ. 1/16/23/ਮ.ਅ-1(1)/ 18176 ਚੰਡੀਗੜ੍ਹ ਮਿਤੀ 12/9/23

ਪਿ.ਅੰ.ਨੰ. 1/16/23/ਮ.ਅ-1(1)/ ਚੰਡੀਗੜ੍ਹ ਮਿਤੀ

ਉਤਾਰਾ ਪ੍ਰੋਜੈਕਟ ਮੈਨੇਜਰ, ਪੀ.ਐਲ.ਆਰ.ਐਸ. ਨੂੰ ਮਾਲ ਵਿਭਾਗ ਦੀ ਵੈੱਬ ਸਾਈਟ ਤੇ ਅਪਲੋਡ ਕਰਨ ਹਿੱਤ।

PLRS Dy. No. 993 /PM
Date 13/09/23

ਸੁਪਰਡੰਟ ਗਰੇਡ-1